# ਲੋਕ-ਨਾਇਕਾਂ ਨੂੰ ਸਲਾਮ ਕਰਦਿਆਂ - ਦੋ ਸੂਰਜ

ਅਵਤਾਰ ਲੰਗੇਰੀ

ਇਹ ਕਿਹੋ ਜਿਹਾ ਮੌਕਾ ਮੇਲ ਹੈ
ਸੁਮੇਲ ਹੈ
ਕਿ ਉਸੇ ਹੀ ਦਿਨ
ਇਕ ਸੂਰਜ ਉੱਗਦਾ ਹੈ
ਤੇ ਇਕ ਸੂਰਜ ਅਸਤ ਹੁੰਦਾ ਹੈ
ਜਿਸਮਾਨੀ ਤੌਰ 'ਤੇ
ਇਕ ਉਹ ਸੂਰਜ ਸੀ
ਜਿਸ ਦੀਆਂ ਕਿਰਨਾਂ ਵਿੱਚੋਂ ਨਿਕਲੇ ਸੀ ਅਰਥ
ਲੋਕ-ਰਾਜ ਦੇ
ਕਿ ਕਿੰਝ ਜੀਣਾ ਏ ਲੋਕਾਂ ਨੇ
ਲੋਕਾਂ ਦੇ ਰਾਜ ਅੰਦਰ
ਭਾਵੇਂ ਉਸ ਸੂਰਜ ਨੂੰ
ਲੱਖ ਹੋਈ ਕੋਸ਼ਿਸ਼
ਛਿਪਾਉਣ ਦੀ
ਮਿਟਾਉਣ ਦੀ
ਪਰ ਉਹ ਝੂਠ ਦੀ ਗਰਦ ਗੁਬਾਰ ਅੰਦਰ
ਨਹੀਂ ਛੁਪਿਆ
ਨਹੀਂ ਲੁਕਿਆ
ਨਹੀਂ ਮਿਟਿਆ
ਹਨੇਰਿਆਂ ਦੀ ਕਾਲਖ ਸੰਗ ਵੀ
ਉਹ ਚਮਕਦਾ ਰਿਹਾ
ਤੇ ਚਮਕਦਾ ਰਹੇਗਾ
ਜਦੋਂ ਤੱਕ ਅੱਖ ਜਾਗਦੀ ਹੈ
ਤੇ
ਦੂਸਰਾ ਉਹ ਸੂਰਜ ਸੀ
ਜੋ ਉਗਦੇ ਸੂਰਜ ਦੀ ਲਾਲੀ ਨੂੰ
ਆਪਣੀ ਬੁੱਕਲ ਵਿਚ ਲੈ ਵੜਿਆ
ਕੰਮੀਆਂ ਦੇ ਵਿਹੜੇ ਵਿਚਲੀ

ਗੱਡੇ ਦੀ ਸਟੇਜ ਉੱਤੇ
ਤੇ ਫਿਰ ਜਾ ਵੜਿਆ
ਉਹ ਪਿੰਡ-ਪਿੰਡ
ਸ਼ਹਿਰ-ਸ਼ਹਿਰ
ਲੈ ਸੂਰਜ ਦੀ ਲਾਲੀ
ਉਸ ਨੂੰ ਦਰਦ ਸੀ
ਖਲਕਤ ਦਾ
ਉਸ ਨੂੰ ਫ਼ਿਕਰ ਸੀ ਖਲਕਤ ਦਾ
ਤੇ ਉਹ ਮਸੀਹਾ ਸੀ ਖਲਕਤ ਦਾ
ਉਸ ਸੂਰਜ ਦਾ ਛਿਪਣਾ
ਅਸਹਿ ਹੈ
ਦੁਖੜਾ ਅਕਹਿ ਹੈ
ਪਰ ਕੁਝ ਤਸੱਲੀ ਹੈ ਕਿ
ਸੂਰਜ ਛਿਪਦਾ ਵੀ
ਮਘਾ ਗਿਆ ਲੱਖਾਂ ਹੀ ਸੂਰਜ
ਜੋ ਮਘਦੇ ਰਹਿਣਗੇ
ਇਹ ਦੋਵੇਂ ਹੀ ਸੂਰਜ
ਲੱਖਾਂ ਹੀ ਸੂਰਜਾਂ ਰਾਹੀਂ
ਜਗਦੇ ਰਹਿਣਗੇ
ਮਘਦੇ ਰਹਿਣਗੇ।